## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)/(ਐ.ਸਿ.)।

ਮੀਮੋ ਨੰ: 15/285-2015 ਟ.ਸ਼ਾਖਾ (1)
ਮਿਤੀ: 22/01/2019

**ਵਿਸ਼ਾ:- ਸੇਵਾਕਾਲ ਵਿੱਚ ਵਾਧੇ ਦੇ ਕੇਸ ਭੇਜਣ ਸਮੇਂ ਲੋੜੀਂਦੇ ਦਸਤਾਵੇਜਾਂ ਬਾਰੇ।**

ਪੰਜਾਬ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਅਧਿਕਾਰੀਆਂ / ਕਰਮਚਾਰੀਆਂ ਦੀ ਸੇਵਾ-ਨਵਿਰਤੀ ਉਪਰੰਤ ਸੇਵਾਕਾਲ ਵਿੱਚ ਵਾਧੇ ਦੇ ਕੇਸ ਆਨ-ਲਾਈਨ ਭੇਜੇ ਜਾਣੇ ਹਨ, ਇਨ੍ਹਾਂ ਕੇਸਾਂ ਨਾਲ ਨਿਮਨ ਲਿਖਤ ਅਨੁਸਾਰ ਦਸਤਾਵੇਜ ਭੇਜੇ ਜਾਣ:-

1. ਪਹਿਲੇ ਸਾਲ ਦੇ ਵਾਧੇ ਲਈ ਨਿਰਧਾਰਿਤ ਪ੍ਰੋਫਾਰਮਾ ਅਨੁਲੱਗ 'ੳ'
2. ਦੂਜੇ ਸਾਲ ਦੇ ਵਾਧੇ ਲਈ ਨਿਰਧਾਰਿਤ ਪ੍ਰੋਫਾਰਮਾ ਅਨੁਲੱਗ 'ਅ'
3. ਅਧਿਕਾਰੀਆਂ / ਕਰਮਚਾਰੀਆਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ, ਸਜ਼ਾ ਤੇ ਅਪੀਲ ਨਿਯਮਾਵਲੀ 1970 ਦੇ ਨਿਯਮ 8 ਅਧੀਨ ਜੇਕਰ ਦੋਸ਼ ਸੂਚੀ ਜਾਰੀ ਕੀਤੀ ਗਈ ਹੋਵੇ, ਸਬੰਧੀ ਸਵੈ-ਘੋਸ਼ਣਾ।
4. ਪੰਜਾਬ ਸਿਵਲ ਸੇਵਾਵਾਂ, ਸਜ਼ਾ ਤੇ ਅਪੀਲ ਨਿਯਮਾਵਲੀ 1970 ਦੇ ਨਿਯਮ 8 ਅਧੀਨ ਜਾਰੀ ਕੀਤੀ ਗਈ ਦੋਸ਼ ਸੂਚੀ ਦੇ ਸਬੰਧ ਵਿੱਚ ਸੇਵਾ-ਨਵਿਰਤੀ ਦੀ ਮਿਤੀ ਤੋਂ ਤਿੰਨ ਸਾਲ ਪਹਿਲਾਂ ਦੇ ਅਰਸੇ ਦੌਰਾਨ ਵੱਡੀ ਸਜ਼ਾ ਜੇਕਰ ਕੋਈ ਹੋਵੇ, ਬਾਰੇ ਸਵੈ-ਘੋਸ਼ਣਾ।
5. ਅਧਿਕਾਰੀ / ਕਰਮਚਾਰੀ ਵੱਲੋਂ ਜੀ.ਪੀ. ਫੰਡ ਵਿੱਚੋਂ 90% ਐਡਵਾਂਸ ਨਾ ਲੈਣ ਸਬੰਧੀ ਸਵੈ-ਘੋਸ਼ਣਾ।
6. ਸਬੰਧਤ ਅਧਿਕਾਰੀ / ਕਰਮਚਾਰੀ ਕੋਲ ਕਿਸੇ ਹੋਰ ਦੇਸ਼ ਦੀ ਨਾਗਰਿਕਤਾ / ਪੀ.ਆਰ. / ਗਰੀਨ ਕਾਰਡ ਨਹੀਂ ਹੈ, ਸਬੰਧੀ ਸਵੈ-ਘੋਸ਼ਣਾ।
7. ਅਧਿਕਾਰੀ / ਕਰਮਚਾਰੀ ਦੇ ਕੰਮ-ਕਾਜ / ਪ੍ਰਫਾਰਮੈਂਸ ਬਾਰੇ ਸਬੰਧਤ ਡੀ.ਡੀ.ਓ. ਵੱਲੋਂ ਰਿਪੋਰਟ।

ਨੋਟ:- ਮਿਤੀ 01.03.2019 ਤੋਂ ਪਹਿਲੇ ਅਤੇ ਦੂਜੇ ਸਾਲ ਦੇ ਸੇਵਾਕਾਲ ਵਿੱਚ ਵਾਧੇ ਦੇ ਕੇਸ ਕੇਵਲ ਆਨ-ਲਾਈਨ ਹੀ ਭੇਜੇ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ

ਪਿੱਠ ਅੰਕਣ ਨੰ: ਉਕਤ /

ਮਿਤੀ: 22/01/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ